

# ਸਾਂਵਲੀ ਕੁੜੀ

ਪ੍ਰੀਤ ਸਿੰਘ ਭੈਣੀ

# ਸਾਂਵਲੀ ਕੁੜੀ

ਪੈਰਾਂ ਨੂੰ ਝਾੜਦਾ ਹੋਇਆ ਉਹ ਅੱਗੇ ਵਧਿਆ। ਸੱਜੇ ਹੱਥ ਵਿੱਚ ਸਿਗਰਟ ਫੜੀ ਜੋ ਹੌਲੀ-ਹੌਲੀ ਧੁੱਖਦੀ ਜਾ ਰਹੀ ਸੀ ਬਿਨਾਂ ਉਸਦੇ ਬੁੱਲਾਂ ਨੂੰ ਛੂਹੇ। ਜਿਵੇਂ ਉਹ ਪੀਂਦਾ ਘੱਟ ਤੇ ਫੂਕਦਾ ਜ਼ਿਆਦਾ ਹੋਵੇ। ਗਲ ਚਿੱਟੇ ਰੰਗ ਦਾ ਪਜ਼ਾਮਾ ਕੁੜਤਾ ਤੇ ਪੈਰੀ ਚਮੜੇ ਦੀ ਚੱਪਲ। ਦੋਂ ਉਂਗਲਾਂ ਵਿੱਚ ਬਲਦੀ ਸਿਗਰਟ ਫੜੀ ਓਸੇ ਹੱਥ ਦੀ ਇੱਕ ਉਂਗਲ ਨਾਲ ਝਾੜਦਾ ਤੇ ਫਿਰ ਬੁੱਲਾਂ ਨੂੰ ਲਾ ਸਾਹ ਅੰਦਰ ਨੂੰ ਖਿੱਚਦਾ। ਜਿਉਂ ਹੀ ਸਾਹ ਅੰਦਰ ਨੂੰ ਖਿੱਚਦਾ ਤਾਂ ਸਿਗਰਟ ਦਾ ਦੂਸਰਾ ਸਿਰਾ ਪੂਰਾ ਮਘਦਾ। ਫਿਰ ਸਿਰਗਟ ਲਬਾਂ ਨਾਲੋਂ ਹਟਾ ਕੁੱਝ ਦੇਰ ਬਾਅਦ ਧੂਆਂ ਛੱਡਦਾ ਤੇ ਚੱਲਦਾ ਜਾਂਦਾ। ਸਮਾਂ ਕਰੀਬ ਸ਼ਾਮ ਦੇ ਅੱਠ ਵਜੇ ਦਾ ਹੋਵੇਗਾ। ਸਿਗਰਟ ਖ਼ਤਮ ਹੋ ਗਈ ਤੇ ਉਸਦੇ ਬੱਚਦੇ ਹਿੱਸੇ ਨੂੰ ਹੇਠਾਂ ਸੁੱਟ ਪੈਰ ਨਾਲ ਮਸਲਦਾ ਹੋਇਆ ਅੱਗੇ ਵਧਿਆ। ਰਸਤੇ ਵਿੱਚ ਜਾਂਦਿਆ ਇੱਕ ਸ਼ਾਹ ਕੋਂਲੋ ਲੰਘਿਆਂ। ਉਸਨੇ ਸ਼ਾਹ ਨੂੰ ਅਵਾਜ਼ ਮਾਰੀ..

ਅਜੀਤ – ਕੀ ਹਾਲ ਸ਼ਾਹ ਜੀ?

ਸ਼ਾਹ – ਵਧੀਆ ਅਜੀਤ ਤੂੰ ਸੁਣਾ ਘਰ ਸਭ ਠੀਕ ਠਾਕ?

ਅਜੀਤ – ਹਾਂਜੀ ਵਧੀਆ ਜੀ

ਸ਼ਾਹ – ਚਲੋ ਵਧੀਆ ਚਾਹੀਦਾ, ਚੰਗਾ ਫਿਰ ਮਿਲਦੇ

ਅਜੀਤ – ਚੰਗਾ ਜੀ

ਐਨਾ ਕਹਿਣ ਬਾਅਦ ਸ਼ਾਹ ਆਪਣੇ ਰਸਤੇ ਪੈ ਗਿਆ ਤੇ ਅਜੀਤ ਅੱਗੇ ਵਧ ਗਿਆ। ਖੁੱਲ੍ਹੇ ਬਜ਼ਾਰ ਵਿੱਚੋਂ ਲੰਘਦਾ ਉਹ ਇੱਕ ਭੀੜੀ ਜਿਹੀ ਗਲੀ ਅੰਦਰ ਵੜ ਗਿਆ। ਤੇ ਇੱਕ ਘਰ ਸਾਹਮਣੇ ਖਲ੍ਹੋ ਕੇ ਬੂਹਾ ਖੜਕਾਉਣ ਲੱਗਾ। ਇੱਕ-ਅੱਧੇ ਮਿੰਟ ਵਿੱਚ ਬੂਹਾ ਖੁੱਲ ਗਿਆ। ਇਹ ਉਸਦਾ ਆਪਣਾ ਹੀ ਘਰ ਸੀ। ਬੂਹਾ ਉਸਦੇ ਨਿੱਕੇ ਮੁੰਡੇ ਰਵੀ ਨੇ ਖੁੋਲ੍ਹਿਆ। ਬੂਹਾ ਖੋਲ ਉਹ ਜਲਦੀ ਨਾਲ ਆਪਣੇ ਵੱਢੇ ਭਰਾ ਵੱਲ ਭੱਜ ਗਿਆ ਤੇ ਖੇਡਣ ਲੱਗਾ। ਘਰ ਬਹੁਤਾ ਵੱਢਾ ਨਹੀਂ ਸੀ ਤੇ ਆਮ ਘਰਾ ਵਰਗਾ ਮਾਲੂਮ ਹੁੰਦਾ ਸੀ। ਉਨੇ ਚੱਪਲ ਲਾਹੀ ਤੇ ਜਾ ਕੇ ਹਾਲ ਵਿੱਚ ਪਏ ਇੱਕ ਸੋਫੇ ਤੇ ਜਾ ਕੇ ਬੈਠ ਗਿਆ। ਐਨੇ ਨੂੰ ਉਸਦੀ ਘਰਵਾਲੀ ਆਈ ਤੇ ਓਸਦੇ ਕੋਲ ਬੈਠ ਗਈ। ਓਹ ਭਾਰੇ ਸਰੀਰ ਦੀ ਇੱਕ ਖੂਬਸੂਰਤ ਔਰਤ ਸੀ। ਜਿਸਦਾ ਨਾਮ ਰੱਜੋ ਸੀ। ਬੈਠਦੇ ਹੀ ਉਸਨੇ ਆਪਣੀ ਧੀ ਨੂੰ ਅਵਾਜ਼ ਲਗਾਈ।

ਰੱਜੋ – ਅਨੂ.. ਪਾਣੀ ਲਿਆ ਪੁੱਤ।

ਅਨੂ – ਲਿਆਈ ਮੰਮੀ

ਅਨੂ ਇੱਕ ਟ੍ਰੇ ਵਿੱਚ ਪਾਣੀ ਦਾ ਗ਼ਿਲਾਸ ਰੱਖ ਕੇ ਲੈ ਆਈ। ਅਜੀਤ ਨੇ ਪਾਣੀ ਪੀਤਾ ਤੇ ਖਾਲੀ ਗ਼ਿਲਾਸ ਮੁੜ ਟ੍ਰੇ ਵਿੱਚ ਰੱਖ ਦਿੱਤਾ। ਅਨੂ ਟ੍ਰੇ ਚੁੱਕ ਕੇ ਰਸੋਈ ਵਿੱਚ ਲੈ ਗਈ। ਅਜੀਤ ਨੇ ਸਾਹਮਣੇ ਬੈਂਚ ਤੇ ਪਈ ਅਖ਼ਬਾਰ ਚੁੱਕੀ ਤੇ ਪੜਣੀ ਸੁਰੂ ਕਰ ਦਿੱਤੀ। ਐਨੇ ਨੂੰ ਰੱਜੋ ਬੋਲੀ..

ਰੱਜੋ – ਹਾਂ ਬਣੀ ਕਿਤੇ ਗੱਲ?

ਅਜੀਤ – ਕਿਹਾ ਮੈਂ ਆਪਣੇ ਇੱਕ ਯਾਰ ਨੂੰ। ਸ਼ਾਇਦ ਉਹ ਕੁਝ ਮਦਦ ਕਰ ਦੇਵੇ।

ਰੱਜੋ – ਇਸਦਾ ਮਤਲਬ ਅੱਜ ਫਿਰ ਤੁਸੀਂ ਖਾਲੀ ਹੱਥ ਆ ਗਏ।

ਅਜੀਤ - ਕੋਸ਼ਿਸ ਤਾਂ ਕਰ ਰਿਹਾ ਹਾਂ। ਹੁਣ ਫਾਹ ਲੈ ਲਵਾਂ?

ਰੱਜੋ – ਕੀ ਫਾਇਦਾ ਤੁਹਾਡੇ ਫਾਹ ਲੈਣ ਦਾ ਕਿਹੜਾ ਕੋਈ ਬੀਮਾਂ ਕਰਵਾਇਆ ਹੋਣਾ ਏ। ਅਗਰ ਕਰਾਇਆ ਹੁੰਦਾ ਤਾਂ ਤੁਹਾਡੇ ਮਰਨ ਪਿੱਛੋਂ ਪੈੇਸੇ ਤਾਂ ਮਿਲਦੇ।

ਤੁਸੀਂ ਕਰੋਗੇ ਕੁਝ ਜਾਂ ਫਿਰ ਮੈਂ ਆਪਣੇ ਭਰਾ ਨਾਲ ਗੱਲ ਕਰਾਂ। ਮੈਨੂੰ ਤਾਂ ਉਨ੍ਹਾਂ ਨਾਲ ਪੈਸਿਆਂ ਬਾਰੇ ਗੱਲ ਕਰਦਿਆਂ ਵੀ ਸ਼ਰਮ ਆਉਂਦੀ ਆ ਕਿ ਕੀ ਕਹਿਣਗੇ ਉਹ। ਕਿ ਪਹਿਲਾਂ ਤਾਂ ਮੈਂ ਆਪਣੀ ਮਰਜ਼ੀ ਨਾਲ ਵਿਆਹ ਕਰਾਇਆ ਤੇ ਹੁਣ ਤਰਲੇ ਲੈਂਦੀ ਫਿਰਦੀ ਆ। ਧੀ ਦੇ ਵਿਆਹ ਵਿੱਚ ਮਸਾਂ ਹੀ ਸੋਲਾਂ-ਸਤਾਰਾਂ ਦਿਨ ਰਹਿ ਗਏ ਨੇ। ਪਤਾ ਨੀ ਪੈਸਿਆਂ ਦਾ ਇੰਤਜ਼ਾਮ ਕਿੱਦਾਂ ਹੋਊਗਾ।

ਅਜੇ ਤਾਂ ਚੰਗੀ ਗੱਲ ਇਹ ਹੋਈ ਕਿ ਮੁੰਡੇ ਵਾਲਿਆਂ ਨੇ ਕਿਸੇ ਵੀ ਤਰਾਂ ਦੀ ਦਾਜ਼ ਦੀ ਮੰਗ ਨਹੀਂ ਰੱਖੀ। ਜੇ ਉਹ ਮੂੰਹ ਅੱਡ ਕੇ ਦਾਜ਼ ਮੰਗ ਲੈਂਦੇ ਤਾਂ ਅਸੀਂ ਤਾਂ ਸਾਰੀ ਉਮਰ ਕੁੜੀ ਦਾ ਵਿਆਹ ਨਹੀਂ ਸੀ ਕਰ ਸਕਦੇ। ਚੰਗੇ ਨੇ ਵਚਾਰੇ।

ਉਹ ਬਿਨਾਂ ਚੁੱਪ ਕੀਤਿਆਂ ਕੁਝ ਨਾ ਕੁਝ ਬੋਲੀ ਜਾ ਰਹੀ ਸੀ ਤੇ ਅਜੀਤ ਬਿਨਾਂ ਉਸ ਨੂੰ ਜੁਆਬ ਦਿੱਤਿਆਂ ਚੁੱਪ ਬੈਠਾ ਸੀ। ਉਹ ਜਾਣਦਾ ਸੀ ਕਿ ਅਗਰ ਉਹ ਰੱਜੋ ਦੀਆਂ ਗੱਲਾਂ ਦਾ ਜੁਆਬ ਦੇਵੇਗਾ ਤਾਂ ਇੱਕ ਦੀਆਂ ਦੋ ਸੁਣਾਵੇਗੀ। ਇਸ

ਲਈ ਚੁੱਪ ਰਹਿਣ ਵਿੱਚ ਹੀ ਬਹਿਤਰੀ ਹੋਵੇਗੀ। ਕੁਝ ਕੁ ਦੇਰ ਪਿੱਛੋਂ ਅਨੂ ਨੇ ਅਵਾਜ਼ ਦਿੱਤੀ..

ਅਨੂ – ਮੰਮੀ ਰੋਟੀ ਤਿਆਰ ਆ ਲੈ ਕੇ ਆਵਾਂ?

ਰੱਜੋ – ਹਾਂ ਲਿਆ ਪੁੱਤ ਪਹਿਲਾਂ ਆਪਣੇ ਡੈਡੀ ਲਈ ਪਾ ਕੇ ਲਿਆ।

ਅਜੀਤ ਸੋਫੇ ਤੋਂ ਉੱਠਿਆ ਤੇ ਗੁਸਲਖ਼ਾਨੇ ਦੇ ਬਾਹਰ ਲੱਗੇ ਹੱਥ ਧੋਣ ਵਾਲੇ ਵਾਸ਼-ਵੇਸ਼ਣ ਤੋਂ ਹੱਥ ਧੋ ਕੇ ਫਿਰ ਆਪਣੀ ਜਗ੍ਹਾ ਆ ਕੇ ਬੈਠ ਗਿਆ। ਅਨੂ ਇੱਕ ਹੱਥ ਵਿੱਚ ਥਾਲੀ ਫੜੀ ਜਿਸ ਵਿੱਚ ਇੱਕ ਕਉਲੀ ਵਿੱਚ ਗੋਭੀ ਦੀ ਸਬਜ਼ੀ ਸਮੇਤ ਦੋ ਰੋਟੀਆਂ ਰੱਖੀਆਂ ਹੋਈਆਂ ਸਨ। ਤੇ ਦੂਸਰੇ ਹੱਥ ਵਿੱਚ ਇੱਕ ਟ੍ਰੇ ਵਿੱਚ ਪਾਣੀ ਦਾ ਭਰਿਆ ਜੱਗ ਤੇ ਗ਼ਿਲਾਸ ਰੱਖਿਆ ਹੋਇਆ ਸੀ। ਲਿਆ ਕੇ ਅਜੀਤ ਦੇ ਸਾਹਮਣੇ ਰੱਖ ਦਿੱਤੇ। ਤੇ ਆਪ ਮੁੜ ਰਸੋਈ ਵਿੱਚ ਚਲੀ ਗਈ। ਅਜੀਤ ਨੇ ਰੋਟੀ ਖਾਣੀ ਸੁਰੂ ਕੀਤੀ ਹੀ ਕਿ ਰੱਜੋ ਫਿਰ ਤੋਂ ਬੋਲਣ ਲੱਗ ਪਈ। ਅਨੂ ਦੋ ਰੋਟੀਆਂ ਹੋਰ ਲੈ ਕੇ ਆਈ ਤੇ ਬਿਨਾਂ ਅਜੀਤ ਨੂੰ ਪੁੱਛੇ ਥਾਲੀ ਵਿੱਚ ਰੱਖ ਕੇ ਮੁੜ ਰਸੋਈ ਵਿੱਚ ਚਲੀ ਗਈ। ਅਜੀਤ ਨੇ ਰੋਟੀ ਖਾਧੀ ਤੇ ਬਿਨਾਂ ਹੱਥ ਧੋਤੇ ਆਪਣੇ ਕਮਰੇ ਵਿੱਚ ਜਾ ਲੰਮੇ ਪੈ ਗਿਆ। ਕੁਝ ਹੀ ਪਲਾਂ ਵਿੱਚ ਉਸ ਨੂੰ ਨੀਂਦ ਆ ਗਈ। ਉਸ ਪਿੱਛੋਂ ਬਾਕੀ ਸਾਰੇ ਘਰਦਿਆਂ ਨੇ ਵੀ ਰੋਟੀ ਖਾਧੀ ਤੇ ਸੋਣ ਚਲੇ ਗਏ।

ਸ਼ਵੇਰ ਹੋਈ ਅਜੀਤ ਉੱਠਿਆ ਤੇ ਨਹਾ ਧੋ ਕੇ ਬਾਣੀ ਪੜੀ ਤੇ ਫਿਰ ਚਾਹ ਪੀ ਘਰੋਂ ਨਿਕਲ ਗਿਆ। ਘਰੋਂ ਨਿਕਲਦੇ ਸਾਰ ਹੀ ਉਸਨੇ ਸਿਗਰਟ ਬਾਲ ਲਈ। ਉਹ ਕਦੇ ਘਰ ਦੇ ਅੰਦਰ ਸਿਗਰਟ ਨਹੀਂ ਸੀ ਪੀਂਦਾ। ਇੱਕ ਤਾਂ ਉਸ ਨੂੰ ਏਦਾਂ ਕਰਨ ਤੋਂ ਰੱਜੋ ਵਰਜਦੀ ਤੇ ਦੂਸਰਾ ਉਹ ਆਪ ਹੀ ਬੱਚਿਆਂ ਸਾਹਮਣੇ ਸਿਗਰਟ ਪੀਣ ਨੂੰ ਗ਼ਲਤ ਮੰਨਦਾ ਸੀ। ਸਿਗਰਟ ਪੀਂਦਾ ਉਹ ਆਪਣੀ ਦੁਕਾਨ

ਤੱਕ ਅੱਪੜ ਆਇਆ। ਸਿਗਰਟ ਸੁੱਟ ਜੇਬ ਚੋਂ' ਚਾਬੀ ਕੱਢੀ ਤੇ ਦੁਕਾਨ ਖੋਲ੍ਹ ਗੁਰੂ੍ ਨਾਨਕ ਪਾਤਿਸ਼ਾਹ ਜੀ ਦੀ ਫੋਟੋ ਨੂੰ ਮੱਥਾ ਟੇਕਿਆ ਤੇ ਸ਼ਾਫ-ਸ਼ਫਾਈ ਕੀਤੀ। ਐਨੈ ਨੂੰ ਦੋ ਬੀਬੀਆਂ ਆ ਗਈਆਂ। ਅਜੀਤ ਧੂਫ-ਬੱਤੀ ਕਰ ਰਿਹਾ ਸੀ। ਇੱਕ ਬੀਬੀ ਬੋਲੀ..

ਪਹਿਲੀ ਬੀਬੀ – ਭਾਜੀ ਕੋਈ ਜੁੱਤੀ ਦਿਖਾਲਿਓ ਵਧੀਆ ਜਿਹੀ।

ਅਜੀਤ ਨੇ ਫੋਟੋ ਨੂੰ ਫਿਰ ਤੋਂ ਮੱਥਾ ਟੇਕਿਆ ਤੇ ਮੂੰਹ ਬੀਬੀਆਂ ਵੱਲ ਘੁਮਾਉਂਦਾ ਬੋਲਿਆ..

ਅਜੀਤ – ਲਵੋ ਜੀ ਜਿੰਨੀਆਂ ਮਰਜ਼ੀ ਜੁੱਤੀਆਂ ਲਵੋਂ ਤੁਹਾਡੀ ਆਪਣੀ ਦੁਕਾਨ ਆ। ਓਦਾਂ ਕਿਹੋ ਜੀ ਜੁੱੱਤੀ ਲਵੋਂਗੇ? ਵਿਆਹ-ਸ਼ਾਦੀ ਤੇ ਪਾਉਣ ਲਈ ਜਾਂ ਬਸ ਘਰੇ ਆਮ ਪਾਉਣ ਨੂੰ।

ਦੂਜੀ ਬੀਬੀ – ਵਿਆਹ ਵਾਲੀ ਦਿਖਾਵੋ। ਮੇਰੇ ਮਾਮੇ ਦੇ ਮੁੰਡੇ ਦਾ ਵਿਆਹ ਆ।

ਅਜੀਤ – ਲਵੋ ਜੀ ਵਿਅਹ ਵਾਲੀ ਜੁੱਤੀ ਲਵੋ।

ਅਜੀਤ ਨੇ ਚਾਰ-ਪੰਜ ਜੁੱਤੀਆਂ ਦੇ ਡੱਬੇ ਫੜੇ ਤੇ ਇੱਕ-ਇੱਕ ਕਰ ਬੀਬੀਆਂ ਨੂੰ ਦਿਖਾਉਣ ਲੱਗ ਪਿਆ। ਪਰ ਉਨ੍ਹਾਂ ਨੂੰ ਕੋਈ ਜੁੱਤੀ ਪਸੰਦ ਨਾ ਆਈ ਤੇ ਹੋਰ ਨਵੇਂ ਡਜ਼ਾਇਨ ਵਾਲੀਆਂ ਜੁੱਤੀਆਂ ਦਿਖਾਉਣ ਦੀ ਮੰਗ ਕੀਤੀ। ਅਜੀਤ ਦੋ ਜੋੜੇ ਹੋਰ ਲੈ ਕੇ ਆਇਆ। ਜਿੰਨ੍ਹਾਂ ਵਿੱਚੋਂ ਇੱਕ ਜੋੜਾ ਉਨ੍ਹਾਂ ਨੂੰ ਪਸੰਦ ਆ ਗਿਆ। ਢਾਈ ਸੋ ਰੁਪਏ ਦਾ ਮੁੱਲ ਦੇ ਬੀਬੀਆਂ ਜੁੱਤੀ ਲੈ ਕੇ ਚਲੀਆਂ ਗਈਆਂ।

ਉਨ੍ਹਾਂ ਦੇ ਜਾਂਦਿਆਂ ਹੀ ਅਜੀਤ ਦੇ ਫ਼ੋਨ ਦੀ ਬੈੱਲ ਵੱਜੀ। ਅਜੀਤ ਨੇ ਫ਼ੋਨ ਚੁੱਕਿਆ..

ਅਜੀਤ – ਹੈਲੋ..।

ਰੱਜੋ – ਹੈਲੋ.. ਰੋਟੀ ਭੇਜਤੀ ਆ ਮੈਂ ਖਾ ਲਿਓ।

ਅਜੀਤ – ਹਾਂ ਠੀਕ ਆ।

ਰੱਜੋ – ਆਇਆ ਸੁਨਾਹ ਤੁਹਾਡੇ ਦੋਸਤ ਦਾ ਕੋਈ।

ਅਜੀਤ – ਲੈ ਦੱਸ.. ਅਜੇ ਕੱਲ ਤਾਂ ਕਿਹਾ ਉਸਨੂੰ। ਐਨੀ ਛੇਤੀ ਕੀ ਕਰੇ ਉਹ। ਜਦੋਂ ਗੱਲ ਹੋਈ ਮੈਂ ਦੱਸ ਦਊਂ।

ਐਨਾ ਕਹਿ ਅਜੀਤ ਨੇ ਗੁੱਸੇ ਵਿੱਚ ਫੋਨ ਕੱਟ ਦਿੱਤਾ। ਉਸਦੇ ਫ਼ੋਨ ਕੱਟਦੇ ਹੀ ਅਨੂ ਰੋਟੀ ਲੈ ਕੇ ਆ ਗਈ। ਅਜੀਤ ਨੇ ਡੱਬਾ ਖੋਲਿਆ ਤੇ ਰੋਟੀ ਖਾਣੀ ਸੁਰੂ ਕਰ ਦਿੱਤੀ। ਅਨੂ ਨੇ ਕੋਲ ਹੀ ਪਏ ਰੈਬਰ ਤੋਂ ਪਾਣੀ ਦਾ ਗ਼ਿਲਾਸ ਭਰ ਕੇ ਕੋਲ ਰੱਖ ਦਿੱਤਾ। ਰੋਟੀ ਖਾਂਦੇ ਅਜੀਤ ਬੋਲਿਆ..

ਅਜੀਤ – ਰਾਹੁਲ ਤੇ ਰਵੀ ਗਏ ਸਕੂਲ?

ਅਨੂ - ਹਾਂਜੀ।

ਉਸ ਨੇ ਰੋਟੀ ਖ਼ਤਮ ਕੀਤੀ ਤੇ ਅਨੂ ਡੱਬਾ ਬੰਦ ਕਰ ਓਥੋਂ ਚਲੀ ਗਈ। ਸਮਾਂ ਕਰੀਬ ਦੁਪਿਹਰ ਬਾਰਾਂ ਵਜੇ ਦਾ ਹੋ ਗਿਆ। ਉਸਦੀ ਦੁਕਾਨ ਤੇ ਦੋ ਚਾਰ ਹੋਰ ਗਾਹਕ ਆਏ ਤੇ ਦੇਖਦਿਆਂ ਹੀ ਦੇਖਦਿਆਂ ਤਿੰਨ ਵੱਜ ਗਏ। ਇੱਕ ਵਾਰ ਫਿਰ ਤੋਂ ਉਸ ਦੇ ਫ਼ੋਨ ਦੀ ਬੈੱਲ ਵੱਜੀ। ਅਜੀਤ ਨੇ ਫ਼ੋਨ ਚੁੱਕਿਆ ਤੇ ਬੋਲਿਆ.. ।

ਅਜੀਤ – ਹੈਲੋ.. ।

ਰੱਜੋ – ਵਿਚੋਲੇ ਦਾ ਫ਼ੋਨ ਆਇਆ ਸੀ।

ਅਜੀਤ – ਕੀ ਕਹਿੰਦਾ ਵਿਚੋਲਾ?

ਰੱਜੋ – ਉਸਨੇ ਕਿਹਾ ਕਿ ਮੁੰਡੇ ਦੀ ਨਵੀਂ-ਨਵੀਂ ਸਰਕਾਰੀ ਨੌਕਰੀ ਲੱਗੀ ਏ। ਬੈਂਕ ਵਿੱਚ। ਜੋ ਘਰ ਤੋਂ ਕਿੰਨੀ ਦੂਰ ਆ ਤੇ ਉਸ ਨੂੰ ਰੋਜ਼ ਬੱਸ ਵਿੱਚ ਜਾਂ ਆਟੋ ਰਿਕਸ਼ੇ ਤੇ ਜਾਣਾ ਪੈਂਦਾ ਏ। ਇਸ ਲਈ ਮੁੰਡੇ ਵਾਲੇ ਚਾਹੁੰਦੇ ਨੇ ਕਿ ਬਹੁਤੀ ਮੰਗ ਨਹੀਂ ਕਰਦੇ ਬਸ ਇੱਕ ਮੋਟਰਸਾਇਕਲ ਭੇਜ਼ ਦਿਉ।

ਅਜੀਤ – ਇਹ ਕੀ ਗੱਲ ਹੋਈ ਭਲਾ। ਪਹਿਲਾਂ ਤੇ ਉਹ ਕਹਿੰਦੇ ਸੀ ਸਾਨੂੰ ਕੁਝ ਨੀ ਚਾਹੀਦਾ। ਹੁਣ ਐਨੀ ਛੇਤੀ ਮੋਟਰਸਾਇਕਲ ਕਿੱਥੋਂ ਆਜੇ?

ਰੱਜੋ – ਹੁਣ ਕੀ ਕਹੀਏ ਉਨ੍ਹਾਂ ਨੂੰ। ਧੀ ਤੋਰਨੀ ਤਾਂ ਪੈਣੀ ਆ। ਜਵਾਬ ਵੀ ਨਹੀਂ ਦੇ ਹੋਣਾ। ਨਾਲੇ ਆਪਣੀ ਧੀ ਨੂੰ ਵੀ ਸੁੱਖ ਹੋਜੂ ਆਉਣ ਜਾਣ ਦਾ।

ਅਜੀਤ – ਪਰ ਐਨੀ ਛੇਤੀ ਕਿੱਥੋਂ ਆਊ ਮੋਟਰਸਾਇਕਲ?

ਰੱਜੋ – ਤੁਸੀਂ ਕਰੋ ਕੋਈ ਹੱਲ। ਸਾਰੀ ਉਮਰ ਧੀ ਨੂੰ ਘਰ ਤਾਂ ਨਹੀਂ ਬਿਠਾ ਰੱਖਣਾ।

ਐਨਾ ਕਹਿ ਕੇ ਰੱਜੋ ਨੇ ਫ਼ੋਨ ਕੱਟ ਦਿੱਤਾ। ਅਜੀਤ ਸੋਚੀ ਪੈ ਗਿਆ ਕਿ ਹੁਣ ਕੀ ਕੀਤਾ ਜਾਵੇ। ਕੁਝ ਸੋਚਣ ਪਿੱਛੋਂ ਉਸ ਨੇ ਦਰਾਜ਼ ਵਿੱਚੋਂ ਦੁਕਾਨ ਦੇ ਕਾਗਜ਼ ਕੱਢੇ ਤੇ ਇੱਕ ਲਿਫ਼ਾਫੇ ਵਿੱਚ ਪਾ ਦੁਕਾਨ ਬੰਦ ਕਰ ਤੁਰ ਪਿਆ। ਜਲਦੀ ਹੀ ਉਹ ਇੱਕ ਸੁਨਿਆਰੇ ਦੀ ਦੁਕਾਨ ਤੇ ਜਾ ਪਹੁੰਚਿਆਂ। ਹੱਥ ਜੋੜ ਕੇ ਦੁਕਾਨ ਦੇ

ਮਾਲਿਕ ਨੂੰ ਨਮਸ਼ਕਾਰ ਕੀਤੀ ਤੇ ਸਾਹਮਣੇ ਜਾ ਬੈਠ ਗਿਆ। ਦੁਕਾਨ ਵਿੱਚ ਹੋਰ ਵੀ ਗਾਹਕ ਆਏ ਸਨ। ਇਹ ਇਲਾਕੇ ਦੀ ਸਭ ਮਸ਼ਹੂਰ ਦੁਕਾਨ ਸੀ। ਮਾਲਕਾ ਨੇ ਦੁਕਾਨ ਤੇ ਕੁਝ ਕਰਮਚਾਰੀ ਵੀ ਰੱਖੇ ਹੋਏ ਸੀ। ਜੋ ਹਰ ਗਾਹਕ ਦੀ ਚੰਗੀ ਸੇਵਾ ਲਈ ਹਾਜ਼ਰ ਸਨ। ਉਨ੍ਹਾਂ ਵੱਲ ਦੇਖਦਿਆਂ ਹੋਇਆਂ..

ਅਜੀਤ ਨੇ ਕਾਗਜ਼ ਬਾਹਰ ਕੱਢੇ, ਸੁਨਿਆਰੇ ਨੂੰ ਦਿਖਾਏ ਤੇ ਕਿਹਾ..।

ਅਜੀਤ – ਸ਼ਾਹ ਜੀ ਪੈਸਿਆਂ ਦੀ ਲੋੜ ਸੀ ਥੋੜੀ ਜਿਹੀ।

ਸੁਨਿਆਰਾ – ਅਜੀਤ ਤੈਨੂੰ ਪਤਾ ਅਸੀਂ ਕਿਸੇ ਦੀ ਜ਼ਮੀਨ ਵਗੈਰਾ ਤੇ ਪੈਸੇ ਵਿਆਜ਼ ਤੇ ਨਹੀਂ ਦੇਂਦੇ। ਅਗਰ ਗਹਿਣੇ ਹੋਣ ਤਾਂ ਗੱਲ ਬਣ ਸਕਦੀ ਆ।

ਅਜੀਤ – ਮੈਂ ਜਾਣਦਾ ਹਾਂ ਸ਼ਾਹ ਜੀ। ਪਰ ਮੇਰੀ ਧੀ ਦਾ ਵਿਆਹ ਆ ਕੁਝ ਦਿਨਾਂ ਪਿੱਛੋਂ ਤੇ ਉੱਤੋਂ ਮੁੰਡੇ ਵਾਲਿਆਂ ਨੇ ਮੋਟਰਸਾਇਕਲ ਦੀ ਮੰਗ ਰੱਖ ਦਿੱਤੀ ਆ। ਦੁਕਾਨ ਗਹਿਣੇ ਰੱਖਣ ਤੋਂ ਇਲਾਵਾ ਮੈਨੂੰ ਹੋਰ ਕੋਈ ਰਾਹ ਨਹੀਂ ਦਿਸਿਆ।

ਸੁਨਿਆਰਾ – ਸਮਝਦਾ ਹਾਂ ਮੈਂ ਪਰ ਤੂੰ ਵੀ ਜਾਣਦਾ ਏ।

ਸੁਨਿਆਰਾ ਕੁਝ ਦੇਰ ਰੁਕਿਆ ਤੇ ਫਿਰ ਬੋਲਿਆ..।

ਸੁਨਿਆਰਾ – ਚੱਲ ਏਦਾਂ ਕਰ ਤੂੰ ਕੱਲ ਨੂੰ ਆਵੀਂ। ਅੱਜ ਵੱਢਾ ਭਾਅ ਬਾਹਰ ਗਿਆ ਏ। ਮੈਂ ਉਨ੍ਹਾਂ ਨਾਲ ਗੱਲ ਕਰਾਂਗਾ।

ਅਜੀਤ – ਬੜੀ ਮਿਹਰਬਾਨੀ ਹੋਵੇਗੀ ਸ਼ਾਹ ਜੀ।(ਹੱਥ ਜੋੜ ਕੇ)

ਅਜੀਤ ਨੇ ਸੁਨਿਆਰੇ ਤੋਂ ਕਾਗਜ਼ ਲਏ ਲਿਫ਼ਾਫੇ ਵਿੱਚ ਪਾਏ ਤੇ ਦੁਕਾਨ ਚੋਂ' ਬਾਹਰ ਹੋ ਗਿਆ। ਬਾਹਰ ਨਿਕਲਦੇ ਹੀ ਉਸਨੇ ਸਿਗਰਟ ਬਾਲ ਲਈ। ਤੇ ਘਰ

ਨੂੰ ਜਾਣ ਦੀ ਬਿਜਾਏ ਸੜਕ ਪਾਰ ਕਰ ਕਿਸੇ ਹੋਰ ਰਾਹ ਨੂੰ ਤੁਰ ਪਿਆ। ਉਸਦੇ ਸੜਕ ਪਾਰ ਕਰਦੇ ਹੀ ਇੱਕ ਦਮ ਮੀਂਹ ਪੈਣਾ ਸ਼ੁਰੂ ਹੋ ਗਿਆ। ਉਹ ਭੱਜ ਕੇ ਸੜਕ ਦੇ ਇੱਕ ਪਾਸੇ ਬਣੇ ਬੱਸ ਅੱਡੇ ਹੇਠਾਂ ਜਾ ਖੜਾ ਹੋਇਆ। ਤੱਦ ਤੱਕ ਸਿਗਰਟ ਵੀ ਖ਼ਤਮ ਹੋ ਗਈ। ਮੀਂਹ ਹੋਰ ਤੇਜ਼ ਹੋ ਗਿਆ ਤੇ ਸਮਾਂ ਕਰੀਬ ਸ਼ਾਮ ਦੇ ਸੱਤ ਵੱਜ ਗਏ। ਐਨੇ ਨੂੰ ਇੱਕ ਕੁੜੀ ਭੱਜਦੀ ਹੋਈ ਸੜਕ ਦੇ ਦੂਜੇ ਪਾਸੇ ਤੋਂ ਆਈ ਤੇ ਅਜੀਤ ਤੋਂ ਥੋੜੀ ਦੂਰ ਹੋ ਇੱਕ ਪਾਸੇ ਖਲੋ ਗਈ। ਮੀਂਹ ਹੋਰ ਤੇਜ਼ ਹੁੰਦਾ ਗਿਆ। ਅਜੀਤ ਨੇ ਫਿਰ ਤੋਂ ਸਿਗਰਟ ਬਾਲ ਲਈ। ਕੁਝ ਪਲਾਂ ਪਿੱਛੋਂ ਅਜੀਤ ਨੇ ਕੁੜੀ ਨੂੰ ਧਿਆਨ ਨਾਲ ਦੇਖਿਆ ਤੇ ਸੋਚਿਆ ਕਿ ਇਸ ਕੁੜੀ ਨੂੰ ਉਸਨੇ ਪਹਿਲਾਂ ਸੁਨਿਆਰੇ ਦੀ ਦੁਕਾਨ ਤੇ ਦੇਖਿਆ ਸੀ। ਉਸ ਨੇ ਸਲਵਾਰ ਕਮੀਜ਼ ਪਾਇਆ ਹੋਇਆ ਸੀ। ਜੋ ਕਿ ਹੁਣ ਬੁਰੀ ਤਰ੍ਹਾਂ ਭਿੱਜ ਚੁੱਕਾ ਸੀ। ਉਸਦੇ ਹੱਥ ਇਕ ਕਾਲੇ ਰੰਗ ਦਾ ਬਟੂਆ ਤੇ ਇੱਕ ਬੈਗ ਸੀ। ਉਸ ਨੂੰ ਦੇਖ ਉਹ ਆਪਣੀ ਸਿਗਰਟ ਪੀਣ ਵਿੱਸ ਮਸਤ ਰਿਹਾ। ਮੀਂਹ ਹੋਰ ਤੇਜ਼ ਹੋ ਗਿਆ। ਕੁੜੀ ਅਜੀਤ ਵੱਲ ਆਈ। ਕੁੜੀ ਨੂੰ ਆਪਣੇ ਵੱਲ ਆਉਂਦਾ ਦੇਖ ਅਜੀਤ ਨੇ ਸਿਗਰਟ ਹੇਠਾਂ ਸੁੱਟੀ ਤੇ ਪੈਰ ਨਾਲ ਬੁਝਾ ਦਿੱਤੀ। ਕੁੜੀ ਕੋਲ ਆ ਕੇ ਬੋਲੀ..।

ਕੁੜੀ – ਅੰਕਲ ਤੁਹਾਡੇ ਕੋਲ ਫ਼ੋਨ ਹੈਗਾ?

ਅਜੀਤ ਨੇ ਆਪਣੀ ਜੇਬ ਵਿੱਚੋਂ ਫ਼ੋਨ ਕੱਢਿਆ ਤੇ ਬਿਨਾਂ ਕੁੱਝ ਬੋਲਿਆਂ ਫ਼ੋਨ ਕੁੜੀ ਨੂੰ ਫੜਾ ਦਿੱਤਾ। ਕੁੜੀ ਨੇ ਮਿਹਰਬਾਨੀ ਕੀਤੀ ਤੇ ਫ਼ੋਨ ਲੈ ਕੇ ਇੱਕ ਨੰਬਰ ਭਰਿਅ ਤੇ ਫਿਰ ਕੰਨ ਨੂੰ ਲਗਾ ਲਿਆ। ਕਰੀਬ ਦਸ-ਪੰਦਰਾਂ ਮਿੰਟ ਗੱਲ ਕਰਨ ਪਿੱਛੋਂ ਕੁੜੀ ਨੇ ਫ਼ੋਨ ਕੱਟਿਆ ਤੇ ਮੁੜ ਅਜੀਤ ਕੋਲ ਆ ਕੇ ਫ਼ੋਨ ਵਾਪਿਸ

ਕਰ ਦਿੱਤਾ। ਤੇ ਇੱਕ ਵਾਰ ਫਿਰ ਤੋਂ ਧੰਨਵਾਦ ਕਿਹਾ। ਕੁੜੀ ਬਿਨਾਂ ਅਜੀਤ ਦੇ ਕੋਈ ਸਵਾਲ ਕੀਤਿਆਂ ਆਪ ਹੀ ਆਪਣੀ ਸਫ਼ਾਈ ਦੇਣ ਲੱਗ ਪਈ।

ਕੁੜੀ – ਮੇਰੇ ਫ਼ੋਨ ਦੀ ਬੈਟਰੀ ਖ਼ਤਮ ਹੋ ਗਈ ਤੇ ਮੈਂ ਘਰੇ ਫ਼ੋਨ ਕਰ ਰਹੀ ਸੀ।

ਅਜੀਤ ਨੇ ਥੋੜਾ ਜਿਹਾ ਮੁਸਕਰਾਉਂਦੇ ਹੋਏ ਬਿਨਾਂ ਕੁਝ ਬੋਲਿਆਂ ਸਿਰ ਮਾਰਿਆ। ਸਮਾਂ ਕਰੀਬ ਸਾਢੇ ਅੱਠ ਦਾ ਹੋ ਗਿਆ। ਕੁੜੀ ਮੀਂਹ ਦੇ ਕਾਰਨ ਹੋਈ ਠੰਢ ਕਾਰਨ ਕੰਬਣ ਲੱਗ ਪਈ ਤੇ ਆਪਣੇ ਦੋਹਾਂ ਹੱਥਾਂ ਨੂੰ ਮੋਢਿਆਂ ਨੂੰ ਘੁਟਦੀ ਹੋਈ ਕਲਾਵੇਂ ਵਿੱਚ ਲੈਣ ਲੱਗੀ। ਤੇ ਫਿਰ ਤੋਂ ਬੋਲੀ..।

ਕੁੜੀ – ਪਤਾ ਨਹੀਂ ਇਹ ਮੀਂਹ ਕਦੋਂ ਹੱਟਣਾ ਏ।

ਅਜੀਤ – ਪਿੱਛਲੇ ਦੋ-ਤਿੰਨ ਘੰਟਿਆਂ ਤੋਂ ਤਾਂ ਮੈ ਵੀ ਇਹੀ ਸੋਚ ਰਿਹਾ ਹਾਂ।

ਕੁੜੀ – ਤੁਸੀਂ ਕਿੱਥੇ ਜਾਣਾ ਏ?

ਅਜੀਤ – ਮੰੈ ਤਾਂ ਦੂਰ ਨਹੀਂ ਜਾਣਾ ਬਸ ਆ ਦੋ ਕੁ ਕਿਲੋਮੀਟਰ ਤੇ ਮੇਰਾ ਘਰ ਆ। ਤੰੂ ਕਿੱਥੇ ਜਾਣਾ।

ਕੁੜੀ – ਮੈਂ ਤਾਂ ਅੰਕਲ ਬਹੁਤ ਦੂਰ ਤੋਂ ਇੱਥੇ ਕਿਸੇ ਨੂੰ ਮਿਲਣ ਆਈ ਸੀ। ਪਰ ਉਹ ਮਿਲਿਆ ਨਹੀਂ ਤੇ ਉੱਤੋਂ ਮੇਰਾ ਫ਼ੋਨ ਵੀ ਬੰਦ ਹੋ ਗਿਆ ਵਾ। ਤੇ ਇੱਥੇ ਕਿਸੇ ਨੂੰ ਜਾਣਦੀ ਵੀ ਨਹੀਂ। ਹੁਣ ਮੈਨੂੰ ਡਰ ਲੱਗ ਰਿਹਾ ਹੈ। ਪਹਿਲ਼ਾਂ ਕਦੇ ਮੈਂ ਘਰੋਂ ਇਕੱਲੀ ਨਹੀਂ ਆਈ।

ਅਜੀਤ – ਕੋਈ ਨਾ ਪੁੱਤ ਤੰੂ ਮੇਰੀ ਧੀ ਵਰਗੀ ਏ। ਇੱਥੇ ਦੇ ਹੋਟਲਾਂ ਵਾਲੇ ਮੇਰੇ ਵਾਕਬ ਨੇ। ਚਿੰਤਾਂ ਕਰਨ ਦੀ ਲੋੜ ਨੀ।

ਕੁੜੀ ਨੇ ਅਜੀਤ ਦਾ ਧੰਨਵਾਦ ਕੀਤਾ। ਅਜੀਤ ਨੇ ਫ਼ੋਨ ਜੇਬ ਵਿੱਚੋਂ ਕੱਢਿਆ ਤੇ ਫਿਰ ਕੰਨ ਨੂੰ ਲਗਾ ਲਿਆ। ਤੇ ਦੋ ਕੁ ਮਿੰਟ ਬਾਅਦ ਕੱਟ ਦਿੱਤਾ। ਕੁਝ ਪੰਜ ਕੁ ਮਿੰਟਾ ਬਾਅਦ ਇੱਕ ਕਾਰ ਆਈ ਤੇ ਅਜੀਤ ਅੱਗੇ ਹੋ ਕਾਰ ਵੱਲ ਵਧਿਆ ਤੇ ਕੁੜੀ ਨੂੰ ਨਾਲ ਲੈ ਇੱਕ ਹੋਟਲ ਜਾ ਪਹੁੰਚੇ। ਜਲਦੀ ਨਾਲ ਉਹ ਗੱਡੀ ਵਿੱਚੋਂ ਉੱਤਰੇ ਤੇ ਇੱਕ ਕਮਰੇ ਦੀ ਚਾਬੀ ਲੈ ਉੱਪਰ ਕਮਰੇ ਵਿੱਚ ਚਲੇ ਗਏ। ਅਜੀਤ ਕਮਰੇ ਚੋਂ' ਜਾਣ ਲੱਗਾ ਕੁੜੀ ਬੋਲੀ..।

ਕੁੜੀ – ਰੁਕ ਜਾਉ ਅੰਕਲ ਮੀਂਹ ਘੱਟ ਲੈਣ ਦੋ। ਕੁਝ ਦੇਰ ਬਾਅਦ ਚਲੇ ਜਾਇਓ।

ਅਜੀਤ – ਮੀਂਹ ਦਾ ਕੀ ਪਤਾ ਪੁੱਤ ਕਦੋਂ ਹੱਟਣਾ। ਘਰਦੇ ਵੀ ਫਿਕਰ ਕਰਨਗੇ ਚੱਲਦਾ ਹਾਂ ਮੈਂ।

ਐਨੇ ਨੂੰ ਅਜੀਤ ਦਾ ਦੇ ਫ਼ੋਨ ਦੀ ਬੈੱਲ ਵੱਜੀ ਤੇ ਅਜੀਤ ਨੇ ਫ਼ੋਨ ਚੁੱਕਿਆ। ਤੇ ਬੋਲਿਆ..।

ਅਜੀਤ – ਹੈਲੋ..

ਰੱਜੋ – ਹਾਂਜੀ.. ਕਿੱਥੇ ਹੋ ਆਏ ਨੀ ਅਜੇ ਤੱਕ?

ਅਜੀਤ – ਆਉਂਦਾ ਬਸ ਮੀਂਹ ਕਾਰਨ ਰੁਕਿਆਂ ਹਾਂ।

ਰੱਜੋ – ਰੋਟੀ ਆ ਕੇ ਖਾਵੋਗੇ ਨਾ?

ਅਜੀਤ – ਹਾਂ ਬਣਾ ਕੇ ਰੱਖ ਦੇ ਮੈਂ ਜਦੋਂ ਆਇਆ ਆਪੇ ਪਾ ਕੇ ਖਾ ਲਵਾਂਗਾ।

ਰੱਜੋ – ਆਜਿਓ ਫਿਰ ਛੇਤੀ।

ਐਨਾ ਕਹਿ ਕੇ ਰੱਜੋ ਨੇ ਫ਼ੋਨ ਕੱਟ ਦਿੱਤਾ। ਅਜੀਤ ਨੇ ਫ਼ੋਨ ਕੱਟ ਕੇ ਜੇਬ ਵਿੱਚ ਪਾ ਲਿਆ। ਓਸੇ ਵੇਲੇ ਹੀ ਕੁੜੀ ਬੋਲੀ..

ਕੁੜੀ – ਘਰੋਂ ਫ਼ੋਨ ਸੀ?

ਅਜੀਤ – ਹਾਂ ਪੁੱਛ ਰਹੇ ਸੀ ਕਦੋਂ ਆਵੇਗਾ।

ਕੁੜੀ – ਅੱਛਾ..।

ਫਿਰ ਕੁਝ ਚਿਰ ਰੁਕ ਕੇ ਅਜੀਤ ਬੋਲਿਆ।

ਅਜੀਤ – ਪੁੱਤ ਤੈਨੂੰ ਭੁੱਖ ਲੱਗੀ ਹੋਣੀ ਆ? ਮੈਂ ਰੋਟੀ ਮੰਗਵਾਂ ਦੇਂਦਾ ਹਾਂ। ਤੱਦ ਤੱਕ ਤੰੂ ਕੱਪੜੇ ਬਦਲ ਲੈ।

ਕੁੜੀ – ਠਕਿ ਆ ਅੰਕਲ।

ਅਜੀਤ ਕਮਰੇ ਚੋਂ’ ਬਾਹਰ ਨਿਕਲ ਹੇਠਾਂ ਗਿਆ ਤੇ ਹੋਟਲ ਦੇ ਇੱਕ ਕਰਮਚਾਰੀ ਨੂੰ ਰੋਟੀ ਲੈ ਕੇ ਆਉਣ ਲਈ ਕਿਹਾ। ਤੇ ਫਿਰ ਵਾਪਿਸ ਕਮਰੇ ਵਿੱਚ ਆ ਗਿਆ। ਉਸ ਤੋਂ ਕੁਝ ਪੰਜ ਕੁ ਮਿੰਟ ਬਾਅਦ ਓਹੀ ਕਰਮਚਾਰੀ ਆਇਆ ਤੇ ਅਜੀਤ ਨੂੰ ਰੋਟੀ ਫੜਾ ਗਿਆ। ਕੁੜੀ ਵੀ ਕੱਪੜੇ ਬਦਲ ਕੇ ਬਾਹਰ ਆ ਗਈ। ਉਸ ਨੇ ਕਾਲੇ ਰੰਗ ਦਾ ਕਮੀਜ਼ ਤੇ ਚਿੱਟੇ ਰੰਗ ਦੀ ਸਲਵਾਰ ਪਾਈ ਹੋਈ ਸੀ। ਤੋਲੀਏ ਨਾਲ ਵਾਲਾਂ ਨੂੰ ਪੂੰਜਦੀ ਹੋਈ ਉਹ ਅਜੀਤ ਦੇ ਕੋਲ ਆ ਕੇ ਬੈਠ ਗਈ ਤੇ

ਤੋਲੀਏ ਇੱਕ ਪਾਸੇ ਰੱਖ ਬੰਦ ਰੋਟੀ ਖੋਲ੍ਹਣ ਲੱਗ ਪਈ। ਉਸਦਾ ਰੰਗ ਕੁਝ ਸਾਂਵਲਾ ਸੀ ਪਰ ਉਸਦੇ ਨੈਣ ਨਕਸ਼ ਤਿੱਖੇ-ਤਿੱਖੇ ਸਨ। ਜਿਸ ਕਾਰਨ ਉਹ ਹੱਦ ਤੋਂ ਪਰੇ ਖ਼ੂਬਸੂਰਤ ਲੱਗ ਰਹੀ ਸੀ। ਰੋਟੀ ਖੋਲ੍ਹਦੀ ਹੋਈ ਉਹ ਬੋਲੀ..

ਕੁੜੀ – ਅੰਕਲ ਤੁਸੀਂ ਨੀ ਖਾਉਗੇ ਰੋਟੀ?

ਅਜੀਤ – ਨਹੀਂ ਪੱੁਤ ਰੱਜੋ ਨੇ ਰੋਟੀ ਬਣਾ ਦਿੱਤੀ ਹੋਣੀ ਆ ਮੈਂ ਘਰੇ ਜਾ ਕੇ ਖਾਂਵਾਂਗਾ।

ਕੁੜੀ ਰੋਟੀ ਖਾਣੀ ਸੁਰੂ ਕਰ ਦਿੱਤੀ ਤੇ ਬਿਨਾਂ ਕੁਝ ਅਜੀਤ ਦੇ ਪੁੱਛਦਿਆਂ ਬੋਲੀ..

ਕੁੜੀ – ਅੰਕਲ.. ਅਸਲ ਚ' ਮੈਂ ਘਰੋਂ ਭੱਜ ਕੇ ਆਈ ਹਾਂ। ਆਪਣੇ ਪ੍ਰੇਮੀ ਨਾਲ ਵਿਆਹ ਕਰਵਾਉਣ। ਮੇਰੇ ਘਰ ਵਾਲੇ ਵਿਆਹ ਲਈ ਰਾਜੀ ਨਹੀਂ ਸਨ। ਇਸ ਲਈ ਮੈਨੂੰ ਭੱਜਣਾ ਪਿਆ। ਮੈਂ ਆਪਣੇ ਘਰੋਂ ਚੋਰੀ ਕੀਤੀ ਤੇ ਜੋ ਵੀ ਨਕਦੀ ਪੈਸੇ ਤੇ ਗਹਿਣੇ-ਗੱਟੇ ਲੈ ਪ੍ਰੇਮੀ ਨਾਲ ਵਿਆਹ ਕਰਨ ਲਈ ਆ ਗਈ। ਪਰ ਉਹ ਕੰਜਰ ਮੈਨੂੰ ਧੋਖਾ ਦੇ ਗਿਆ। ਤੇ ਆਪ ਆਇਆ ਨਹੀਂ। ਤੇ ਹੁਣ ਮੈਨੂੰ ਪਛਤਾਵਾ ਹੋ ਰਿਹਾ ਹੈ।

ਅਜੀਤ – ਕੋਈ ਨਾ ਪੁੱਤ ਘਰੇ ਵਾਪਿਸ ਚਲੀ ਜਾ ਘਰਦੇ ਮੁਆਫ਼ ਕਰ ਦੇਣਗੇ।

ਕੁੜੀ ਨੇ ਰੋਟੀ ਖ਼ਤਮ ਕੀਤੀ ਟੈਲੀਵਿਜ਼ਨ ਚਾਲੂ ਕਰ ਦਿੱਤਾ। ਬਾਹਰ ਮੀਂਹ ਅਜੇ ਵੀ ਨਹੀਂ ਸੀ ਰੁਕ ਰਿਹਾ। ਏਨੇ ਨੂੰ ਫਿਰ ਤੋਂ ਅਜੀਤ ਦਾ ਫ਼ੋਨ ਵੱਜਾ। ਅਜੀਤ ਨੇ ਫ਼ੋਨ ਚੁੱਕਿਆ ਗੱਲ ਕਰਨੀ ਸੁਰੂ ਕੀਤੀ। ਇਸ ਵਾਰ ਫ਼ੋਨ ਉਸਦੇ

ਯਾਰ ਦਾ ਸੀ ਤੇ ਉਸ ਨੇ ਅਜੀਤ ਨੂੰ ਪੈਸੇ ਉਧਾਰ ਦੇਣ ਤੋਂ ਇਨਕਾਰ ਕਰ ਦਿੱਤਾ। ਤੇ ਫ਼ੋਨ ਕੱਟ ਦਿੱਤਾ। ਅਜੀਤ ਹੋਰ ਸੋਚਾਂ ਵਿੱਚ ਪੈ ਗਿਆ। ਕੁੜੀ ਆਪਣੇ ਧਿਆਨ ਟੈਲੀਵਿਜ਼ਨ ਦੇਖ ਰਹੀ ਸੀ। ਟੇਲੀਵਿਜ਼ਨ ਦੇਖਦੇ ਹੀ ਉਸ ਨੂੰ ਨੀਂਦ ਆ ਗਈ। ਉਸ ਨੂੰ ਸੁੱਤੀ ਦੇਖ ਅਜੀਤ ਦੇ ਦਿਮਾਗ਼ ਵਿੱਚ ਖਿਆਲ ਆਇਆ ਕਿ ਇਹ ਕੁੜੀ ਵੀ ਆਪਣੇ ਨਾਲ ਪੈਸੇ ਤੇ ਗਹਿਣੇ ਲੈ ਕੇ ਆਈ ਏ। ਹੁਣ ਤਾਂ ਇਹ ਸੁੱਤੀ ਏ ਇਸਦੇ ਜਾਗਣ ਤੋਂ ਪਹਿਲਾਂ ਹੀ ਮੈਂ ਪੈਸੇ ਲੈ ਕੇ ਨਿਕਲ ਜਾਂਵਾਂਗਾ।

ਅਜੀਤ ਆਪਣੀ ਜਗ੍ਹਾ ਤੋਂ ਬਿਨਾਂ ਕੋਈ ਸ਼ੋਰ ਕੀਤਿਆਂ ਉੱਠਿਆਂ। ਤੇ ਕੁੜੀ ਦੇ ਪਏ ਬੈਗ ਨੂੰ ਖੌਲ੍ਹ ਕੇ ਫੋਲਣ ਲੱਗ ਪਿਆ। ਉਸ ਸਾਰੇ ਕੱਪੜੇ ਕੱਢ ਕੇ ਖਿਲਾਰ ਦਿੱਤੇ। ਪਰ ਉਸ ਨੂੰ ਕਿਸੇ ਤਰ੍ਹਾਂ ਦੀ ਕੋਈ ਨਕਦੀ ਜਾਂ ਗਹਿਣੇ ਨਹੀਂ ਮਿਲੇ। ਫਿਰ ਉਸ ਦਾ ਧਿਆਨ ਕੁੜੀ ਦੇ ਹੱਥ ਫੜਣ ਵਾਲੇ ਕਾਲੇ ਬਟੂਏ ਤੇ ਆਇਆ। ਜਦੋਂ ਉਹ ਬਟੂਏ ਵੱਲ ਵਧਿਆ ਤਾਂ ਇੱਕ ਦੱਮ ਕੁੜੀ ਦੀ ਜਾਗ਼ ਖੁੱਲ ਗਈ। ਉਸ ਨੇ ਆਪਣੇ ਖਿੱਲਰੇ ਕੱਪੜੇ ਦੇਖੇ ਕਾਹਲੀ ਨਾਲ ਆਪਣੀ ਜਗ੍ਹਾ ਤੋਂ ਉੱਠੀ। ਕੁੜੀ ਨੂੰ ਉੱਠੀ ਦੇਖ  ਅਜੀਤ ਜਲਦੀ ਨਾਲ ਬਟੂਆ ਵੱਲ ਵਧਿਆ ਤੇ ਕੁੜੀ ਵੀ ਵਧੀ। ਕੁੜੀ ਨੇ ਬਟੂਆ ਫੜ ਲਿਆ ਤੇ ਸੀਨੇ ਨਾਲ ਲਾ ਕੇ ਘੁੱਟ ਲਿਆ। ਅਜੀਤ ਉਸ ਵੱਲ ਵਧਿਆ ਤੇ ਕੁੜੀ ਤੋਂ ਬਟੂਆ ਖੋ੍ਹਣ ਲੱਗ ਪਿਆ।

ਬਟੂਏ ਦੇ ਲਈ ਜਬਰਾ-ਜਬਰੀ ਹੋਣ ਲੱਗੀ। ਅਜੀਤ ਨੇ ਬਟੂਆ ਖੋ੍ਹਣ ਲਈ ਪੂਰੀ ਵਾਹ ਲਾ ਲਈ। ਅਖੀਰ ਅਜੀਤ ਨੇ ਬਟੂਏ ਨੂੰ ਹੱਥ ਪਾਇਆਂ ਤੇ ਹੱਥ ਕੁੜੀ ਦੀ ਕਮੀਜ਼ ਨੂੰ ਵੀ ਪੈ ਗਿਆ। ਜਿਉਂ ਹੀ ਅਜੀਤ ਨੇ ਜੋਰ ਨਾਲ ਬਟੂਆ ਖਿੱਚਿਆਂ ਤਾਂ ਕੁੜੀ ਦਾ ਕਮੀਜ਼ ਵੀ ਨਾਲ ਹੀ ਪਾਟ ਗਿਆ। ਜਿਸ ਕਾਰਨ ਉਸਦੀ ਛਾਤੀ ਨੰਗ਼ਣ ਅਵਸਥਾ ਵਿੱਚ ਆ ਗਈ। ਬਾਹਰ ਬਿਜ਼ਲੀ ਹੋਰ ਕੜਕਣ

ਲੱਗ ਪਈ। ਕੁੜੀ ਨੂੰ ਇਸ ਹਾਲਤ ਵਿੱਚ ਦੇਖ ਅਜੀਤ ਦੀ ਕਾਮ ਵਾਸਣਾ ਜਾਗ਼ ਪਈ ਤੇ ਉਸਨੇ ਬਟੂਏ ਨੂੰ ਇੱਕ ਪਾਸੇ ਰੱਖ ਕੁੜੀ ਉੱਤੇ ਝਪਟ ਪਿਆ। ਕੁੜੀ ਬਟੂਏ ਨੂੰ ਬਚਾਉਣ ਦੀ ਬਜ਼ਾਇ ਹੁਣ ਆਪਣੀ ਇੱਜ਼ਤ ਬਚਾਉਣ ਵਿੱਚ ਲੱਗ ਗਈ। ਕੁੜੀ ਨੂੰ ਆਪਣੀ ਧੀ ਕਹਿਣ ਵਾਲਾ ਹੁਣ ਉਸਦੀ ਇੱਜ਼ਤ ਲੁੱਟਣ ਦੀ ਪੂਰੀ ਵਾਹ ਲਾ ਰਿਹਾ ਸੀ। ਕੁੁੜੀ ਨੇ ਚੀਕਾਂ ਮਾਰਣੀਆਂ ਸੁਰੂ ਕਰ ਦਿੱਤੀਆਂ। ਪਰ ਉਸਦੀ ਅਵਾਜ਼ ਕਿਸੇ ਨੇ ਨਾ ਸੁਣੀ। ਅਜੀਤ ਨੇ ਇੱਕ-ਇੱਕ ਕਰ ਉਸਦੇ ਕੱਪੜੇ ਪਾੜ ਕੇ ਲਾਹ ਦਿੱਤੇ ਤੇ ਕੁੱਝ ਪਲਾਂ ਵਿੱਚ ਹੀ ਕੁੜੀ ਦੀ ਇੱਜ਼ਤ ਲੱਖਾਂ ਤੋਂ ਕੱਖਾਂ ਦੀ ਕਰ ਦਿੱਤੀ। ਦੁਰ ਕ੍ਰਮ ਕਰਨ ਪਿੱਛੋਂ ਇੱਕ ਪਾਸੇ ਹੋ ਬੈਠ ਗਿਆ।

ਕੁੜੀ ਓਸੇ ਤਰ੍ਹਾਂ ਹੀ ਨੰਗ਼ਣ ਅਵਸਥਾ ਵਿੱਚ ਬੈਠੀ ਰਹੀ ਤੇ ਚੀਕਾਂ ਮਾਰਦੀ ਰੋਂਦੀ ਰਹੀ। ਤੇ ਅਪਣੇ ਪ੍ਰੇਮੀ ਨੂੰ ਯਾਦ ਕਰ ਹੋਰ ਉੱਚੀ ਰੋਣ ਲੱਗ ਪਈ ਤੇ ਆਪਣੇ ਮਨ ਅੰਦਰ ਸੋਚਦੀ..

ਪ੍ਰੀਤ ਜ਼ਾਲਮਾਂ ਕਾਫ਼ਿਰ ਹੋ ਗਿਆਂ,

ਨਾ ਦੁੱਖ ਵੰਡਣੇ ਨੂੰ ਆਇਆ,

ਪੇ ਪੋਟਾ-ਪੋਟਾ ਪਿੰਜ ਗਈ ਜਿੰਦ ਹੈਂ,

ਮੇਰਾ ਹੁਸਨ ਗਿਆ ਕਮਲ਼ਾਇਆ,

ਜਿਹੜੇ ਨੈਣ ਸ਼ਰਬਤੀ ਹੁਣ ਪਾਣੀ ਹੋ ਗਏ,

ਬੁੱਲੀਆਂ ਦਾ ਹੁਨਰ ਮਿਟਾਇਆ,

ਚੜ ਚੜ ਕੋਠੇ ਤੱਕਦੀ ਰਾਹਾਂ,

ਤੇ ਤੂੰ ਨਜ਼ਰੀ ਕਦੇ ਨੀ ਆਇਆਂ,

ਵੇ ਹਾਲ ਹੋ ਗਿਆਂ ਮਰੀ ਬਰਾਬਰ,

ਮੇਰੀ ਰੂਹ ਨੇ ਹੁਸਨ ਗਵਾਇਆ,

ਆਸ ਲਾਈ ਬੈਠੀ ਸੀ ਸੱਜਣਾ,

ਤੇ ਤੂੰ ਫੇਰਾ ਕਦੇ ਨਾ ਪਾਇਆ,

ਜੇ ਮੈਂ ਮਰਜਾਂ ਮੋਢਾ ਨਾ ਲਾਵੀਂ,

ਤੂੰ ਪਹਿਲਾਂ ਬਹੁਤ ਝੁਲਾਇਆਂ,

ਅਗਲੇ ਜਨਮ ਮਿਲੀ ਨਾ ਸੱਜਣਾ,

ਮੈਥੋਂ ਇਸ਼ਕ ਨੀ ਜਾਣਾ ਦੁਹਰਾਇਆ,

ਮੈਥੋਂ ਇਸ਼ਕ ਨੀ ਜਾਣਾ ਦੁਹਰਾਇਆ।

ਅਜੀਤ ਆਪਣੀ ਜਗ੍ਹਾ ਤੇ ਬੈਠਾ ਸੀ। ਕੁੜੀ ਆਪਣੀ ਥਾਂ ਤੋਂ ਉੱਠੀ ਤੇ ਬਾਰੀ ਥਾਣੀ ਹੋ ਛਾਲ ਮਾਰ ਦਿੱਤੀ। ਉਹ ਸਿੱਧੀ ਥੱਲੇ ਖਲੋਤੀ ਗੱਡੀ ਤੇ ਜਾ ਡਿੱਗੀ। ਉਸਦੇ ਹੇਠਾਂ ਡਿੱਗਦੇ ਹੀ ਅਜੀਤ ਆਪਣੀ ਥਾਂ ਤੋਂ ਉੱਠਿਆ ਤੇ ਬਾਰੀ ਰਾਹੀਂ ਥੱਲੇ ਝਾਕਣ ਲੱਗਾ। ਕੁੜੀ ਨੂੰ ਥੱਲੈ ਡਿੱਗੀ ਦੇਖ ਉਹ ਛੇਤੀ ਨਾਲ ਕੁੜੀ ਦਾ ਬਟੂਆ ਫੜਿਆ ਤੇ ਵਰਦੇ ਮੀਂਹ ਵਿੱਚ ਘਰ ਵੱਲ ਭੱਜ ਗਿਆ। ਕੁੜੀ ਓਸੇ ਤਰ੍ਹਾਂ ਹੀ ਓਥੇ ਪਈ ਰਹੀ। ਹੋਟਲ ਵਿੱਚੋਂ ਕਰਮਚਾਰੀ ਬਾਹਰ ਆਏ ਤੇ ਇੱਕ ਨੇ ਫ਼ੋਨ ਕਰ ਮਾਲਕ ਨੂੰ ਬੁਲਾਇਆ। ਮਾਲਕ ਨੇ ਪੁਲਸ ਦੇ ਮਾਮਲੇ ਤੋਂ ਬਚਣ ਲਈ ਆਪਣੇ ਦੋ ਕਰਮਚਾਰੀਆਂ ਨੂੰ ਲਾਸ਼ ਟਿਕਾਣੇ ਲਾਉਣ ਲਈ ਕਿਹਾ। ਕਰਮਚਾਰੀ

ਲਾਸ਼ ਨੂੰ ਲੈ ਕੋਲ ਵਗਦੀ ਇੱਕ ਨਦੀ ਵਿੱਚ ਸੁੱਟ ਆਏ। ਸਮਾਂ ਕਰੀਬ ਇੱਕ ਵਜੇ ਦਾ ਸੀ। ਮਾਲਕ ਨੇ ਕਰਮਚਾਰੀਆਂ ਨੂੰ ਕੁਝ ਪੈਸੇ ਦਿੱਤੇ ਤੇ ਮੂੰਹ ਬੰਦ ਰੱਖਣ ਲਈ ਕਿਹਾ।

ਅਜੀਤ ਵੀ ਆਪਣੇ ਘਰ ਆ ਪੁੱਜਾ। ਉਸਨੇ ਬੂਹਾ ਖੜਕਾਇਆ। ਉਸਦੀ ਘਰਵਾਲੀ ਆਈ ਤੇ ਅਜੀਤ ਕਾਹਲੀ ਨਾਲ ਅੰਦਰ ਵੜ ਗਿਆ। ਉਹ ਪੂਰੀ ਤਰ੍ਹਾਂ ਭਿੱਜਾ ਤੇ ਡਰਿਆ ਹੋਇਆ ਸੀ। ਉਸਦੀ ਘਰ ਵਾਲੀ ਨੇ ਉਸ ਦੇ ਹੱਥ ਫੜੇ ਔਰਤਾਂ ਵਾਲੇ ਬਟੂਏ ਬਾਰੇ ਪੁੱਛਿਆਂ ਪਰ ਅਜੀਤ ਨੇ ਕੁੱਝ ਨਾ ਦੱਸਿਆ ਤੇ ਪੈਸੇ ਤੇ ਨਕਦੀ ਕੱਢ ਕੇ ਪਰਸ ਨੂੰ ਨਿੱਕੇ-ਨਿੱਕੇ ਟੋਟਿਆਂ ਵਿੱਚ ਕਰ ਕੂੜੇਦਾਨ ਵਿੱਚ ਸੁੱਟ ਦਿੱਤਾ। ਉਸ ਤੋਂ ਕੁਝ ਦਿਨ ਬਾਅਦ ਉਹ ਕੁੜੀ ਦੇ ਵਿਆਹ ਦੀਆਂ ਤਿਆਰੀਆਂ ਵਿੱਚ ਲੱਗ ਗਏ। ਪਰ ਅਜੀਤ ਦਾ ਜ਼ਮੀਰ ਪਹਿਲਾਂ ਨਾਲੋਂ ਬਦਲ ਗਿਆਂ। ਉਹ ਸਾਰਿਆਂ ਤੰੋ ਡਰਨ ਲੱਗਾ। ਆਪਣੀ ਧੀ ਨੂੰ ਜਦੋਂ ਦੇਖਦਾ ਤਾਂ ਉਸ ਨੂੰ ਓਹੀ ਕੁੜੀ ਨਜ਼ਰ ਆਉਂਦੀ। ਉਹ ਸਦਾਈਆਂ ਦੀ ਤਰਾਂ ਕਰਨ ਲੱਗ ਪਿਆ। ਕੁੜੀ ਦਾ ਵਿਆਹ ਵਾਲਾ ਦਿਨ ਆਇਆ। ਵਿਆਹ ਚੰਗਾ ਹੋਇਆ। ਮੁੰਡੇ ਨੂੰ ਮੋਟਰਸਾਇਕਲ ਦਿੱਤਾ ਗਿਆ। ਸਭ ਨੇ ਵਿਆਹ ਦੀ ਸੋਬਾ ਕੀਤੀ। ਪਰ ਅਜੀਤ ਅੰਦਰੋਂ ਅੰਦਰ ਮੁੱਕ ਚੁੱਕਾ ਸੀ। ਉਸਦੀ ਪੀੜ ਦਾ ਕੋਈ ਹੱਲ ਨਹੀਂ ਸੀ। ਅਖ਼ੀਰ ਵਿਆਹ ਤੋਂ ਦੋ ਦਿਨ ਬਾਅਦ ਅਜੀਤ ਆਪਣੇ ਕਮਰੇ ਵਿੱਚ ਗਿਆ, ਕੁੰਡੀ ਲਾਈ ਤੇ ਪੱਖੇ ਨਾਲ ਰੱਸੀ ਬੰਨ ਕੇ ਫ਼ਾਹਾ ਲਗਾ ਲਿਆ।

ਅਕਸਰ ਕੁਝ ਘਟਨਾਵਾਂ ਬੰਦੇ ਦੀ ਜਿੰਦਗੀ ਨੂੰ ਬਦਲ ਦੇਂਦੀਆਂ ਨੇ। ਕੁੱਝ ਐਸੀਆਂ ਜੋ ਉਹ ਅਣਜਾਣ ਪੁਣੇ ਵਿੱਚ ਕਰਦਾ, ਕੁੱਝ ਜੋ ਸੋਚ ਸਮਝ ਕੇ, ਕੁੱਝ ਕੁ ਦੁਰਘਟਨਾ ਪੂਰਵਕ, ਤੇ ਕੁਝ ਰੱਬ ਦੀ ਬਖ਼ਸ਼ਿਸ ਹੇਠ। ਵੈਸੇ ਤਾਂ ਸਭ ਕੁਝ ਰੱਬ

ਦੀ ਮਰਜ਼ੀ ਮੁਤਾਬਿਕ ਹੀ ਹੁੰਦਾ ਹੈ। ਪਰ ਕਹਿੰਦੇ ਨੇ ਜਿੱਥੇ ਕਾਮਦੇਵ ਦਾ ਵਾਸ ਹੋਵੇ ਓਥੇ ਸ਼ਿਵਜੀ ਦਾ ਆਗਮਨ ਨਹੀਂ ਹੁੰਦਾ। ਇਸ ਲਈ ਜਿੱਥੇ ਸ਼ੈਤਾਨ ਹੋਵੇ ਓਥੇ ਪ੍ਰਮਾਤਮਾ ਨਹੀਂ ਹੋ ਸਕਦਾ। ਅਜੀਤ ਨੇ ਆਪਣੀ ਜ਼ਿੰਦਗੀ ਵਿੱਚ ਕਦੇ ਵੀ ਕਿਸੇ ਤਰ੍ਹਾਂ ਦਾ ਛੱਲ-ਕਪਟ ਨਹੀਂ ਸੀ ਕੀਤੀ ਪਰ ਉਸ ਉੱਪਰ ਵਧਦੇ ਧੀ ਦੇ ਵਿਆਹ ਦੇ ਬੋਝ ਤੇ ਲਾਲਚ ਨੇ ਆਪਣੀ ਧੀ ਸਮਾਨ ਕੁੜੀ ਤੇ ਖ਼ੁੱਦ ਦੀ ਜ਼ਿੰਦਗੀ ਤਬਾਹ ਕਰ ਦਿੱਤੀ। ਜੀਵਨ ਵਿੱਚ ਵਾਧੇ-ਘਾਟੇ ਜਾਂ ਖ਼ੁਸ਼ੀ-ਗਮੀ ਚੱਲਦੀ ਰਹਿੰਦੀ ਏ। ਪਰ ਦਬਾਅ, ਲਾਲਚ, ਮਜ਼ਬੂਰੀ ਤੇ ਕਾਹਲੀ ਵਿੱਚ ਚੁੱਕੇ ਗਏ ਕਦਮ ਜ਼ਿਆਦਾਤਰ ਗ਼ਲਤ ਹੀ ਸ਼ਾਬਿਤ ਹੁੰਦੇ ਨੇ। ਇਨਸਾਨ ਨੂੰ ਹਰ ਕੰਮ ਸੋਚ-ਵਿਚਾਰ ਤੇ ਉਸਦਾ ਨਤੀਜ਼ਾ ਸੋਚ ਕੇ ਕਰਨੇ ਚਾਹੀਦੇ ਨੇ।

ਪ੍ਰੀਤ ਸਿੰਘ ਭੈਣੀ

+91 9779324826

(ਇਸ ਕਹਾਣੀ ਤੇ ਵਿਚਾਰ ਕਰਨ ਲਈ ਜਾਂ ਹੋਰ ਕਹਾਣੀਆਂ ਪੜਣ ਲਈ ਤੁਸੀਂ ਮੈਨੂੰ ਫ਼ੋਨ ਜਾਂ ਵਟਸਐੱਪ ਕਰ ਸਕਦੇ ਹੋ)

